ਸਭ ਹੱਕ ਰਾਖਵੇਂ ਹਨ।

"ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ।
ਜਬਹੀ ਨਿਰਧਨ ਦੇਖਿਓ ਨਰ ਕਉ ਸੰਗ ਛਾਡਿ ਸਭ ਭਾਗੇ"

ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ ਨੰ: ੩੧

# ਸੰਛੇਪ ਸੰਪਤੀ ਸ਼ਾਸਤ੍ਰ

## A COMPEDIUM OF POLITICAL ECONOMY

G. 1028

—ਜਿਸ ਵਿਚ—

ਮਾਲੀ ਹਾਲਤ ਦੇ ਸੁਧਾਰ (ਧਨ) ਸੰਬੰਧੀ ਵਿਚਾਰਾਂ ਸੰਪਤੀ (ਧਨ)
ਦੀ ਉਤਪਤੀ, ਧਨ ਕਮੌਣ, ਸੰਗ੍ਰਹ ਕਰਨ, ਕੰਮ ਵਿਚ
ਲਗੌਣ, ਖਰਚ ਅਤੇ ਬੱਚਤ ਕਰਨ ਦੇ ਢੰਗ
ਕੰਗਾਲੀ ਅਰ ਦੇਸ਼ ਦੀ ਦੁਰਦਸ਼ਾ
ਦੂਰ ਕਰਨ ਦੇ ਉਪਾਵ ਆਦਿਕ
ਦਸੇ ਗਏ ਹਨ।

ਲੇਖਕ ਤੇ ਪ੍ਰਕਾਸ਼ਕ

**ਭਾਈ ਮੋਹਨ ਸਿੰਘ ਵੈਦ**

ਮਿਉਨਸਿਪਲ ਕਮਿਸ਼ਨਰ
ਤਰਨ ਤਾਰਨ (ਪੰਜਾਬ)

ਜੁਲਾਈ ੧੯੧੨

ਕਾਰੋਨੇਸ਼ਨ ਪਰਿਨਟਿੰਗ ਵਰਕਸ ਅੰਮ੍ਰਿਤਸਰ ਵਿਚ ਭਾਈ
ਸੁਚਾ ਸਿੰਘ ਮੈਨੇਜਰ ਦੇ ਯਤਨ ਨਾਲ ਛਪਿਆ।

ਪਹਿਲੀ ਵਾਰ ਭੇਟਾ [redacted] ।=)

LAHORE LIBRARY

21387 330

ਏਹ ਸੱਚ ਤੇ ਅਟੱਲ ਹੈ।

ਕਿ ਤਦਤਕ ਕੋਈ ਦੇਸ਼ ਭੀ ਉੱਨਤਿ ਨਹੀਂ ਹੋਸਕਦਾ ਜਦ ਤਕ ਉਸ ਦੇਸ਼ ਦੀ ਭਾਸ਼ਾ ਨੂੰ ਉਨਤੀ ਦੇ ਸਿਖਰ ਨਾ ਪੁਚਾਯਾ ਜਾਵੇ! ਜਿਸ ੨ ਦੇਸ਼ ਜਾਂ ਕੌਮ ਨੇ ਉਨਤੀ ਕੀਤੀ ਹੈ ਸ੍ਵਦੇਸ਼ਭਾਸ਼ਾ ਪ੍ਰਚਾਰ ਦੇ ਪ੍ਰਭਾਵ ਹੀ ਕੀਤੀ ਹੈ। ਉਨੱਤਿ ਦੇਸ਼ਾਂ ਤੇ ਕੌਮਾਂ ਨੂੰ ਦੇਖਕੇ ਸਾਡੇ ਸ੍ਵਦੇਸ਼ੀ ਭਰਾਵਾਂ ਨੂੰ ਭੀ ਉਨਤੀ ਦਾ ਉਤਸ਼ਾਹ ਹੋਇਆ ਹੈ ਪਰ ਅਰੰਭ ਵਿਚ ਹੀ ਓਹ ਉਲਟੇ ਰਾਹ ਪਏ ਹਨ ਜੋ ਸ੍ਵਦੇਸ਼ਭਾਸ਼ਾ (ਪੰਜਾਬੀ) ਵੱਲ ਬੋਹੜੇ ਗਿਣੇ ਮਿਥੇ ਸਜਣਾਂ ਦੇ ਬਿਨਾਂ ਓਨਾਂ ਦਾ ਧਿਆਨ ਨਹੀਂ! ਸਗੋਂ ਬਹੁਤ ਸਾਰੇ ਮਾਤ੍ਰੀ ਭਾਸ਼ਾ ਦੇ ਵਿਰੋਧੀ ਹੋ ਰਹੇ ਹਨ! ਜਦ ਤਕ ਸ੍ਵਦੇਸ਼ ਭਾਸ਼ਾ ਦਾ ਪ੍ਰਚਾਰ ਨਾ ਹੋਵੇ ਤਦ ਤਕ ਉਸ ਦੇਸ਼ ਦੀ ਉਨਤੀ ਕਠਨ ਹੀ ਨਹੀਂ ਸਗੋਂ ਅਣਹੋਣੀ ਹੈ! ਕੋਈ ਭੀ ਭਾਸ਼ਾ ਤਦ ਤਕ ਉਨਤਿ ਨਹੀਂ ਹੋ ਸਕਦੀ ਜਦ ਤਕ ਹਰ ਤਰਾਂ ਦੇ ਖਿਆਲ (ਪੁਸਤਕ, ਪਤ੍ਰ ਆਦਿ) ਉਸ ਵਿਚ ਨਾਂ ਮਿਲਨ ਸੋ ਹਰ ਇਕ ਦੇਸ਼ ਹਿਤੂ ਦਾ ਧਰਮ ਹੈ ਕਿ ਜਿੰਨਾਂ ਜਿੰਨਾਂ ਹੋ ਸਕੇ 'ਸ੍ਵਦੇਸ਼ ਭਾਸ਼ਾ' ਦੇ ਪ੍ਰਚਾਰ ਵਾਸਤੇ ਉਦਮ ਕਰੇ! ਇਨਾਂ ਵਿਚਾਰਾਂ ਅਨੁਸਾਰ ਹੀ ਏਸ 'ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ' ਦਾ ਅਰੰਭ ਕੀਤਾ ਗਿਆ ਹੈ! ਜੇ ਦੇਸ਼ ਅਰ ਦੇਸ਼ ਭਾਸ਼ਾ ਦੇ ਹਿਤਕਾਰੀਆਂ ਨੇ ਉਤਸ਼ਾਹ ਵਧਾਯਾ ਤਦ ਆਸ਼ਾ ਹੈ ਕਿ ਅਨੇਕ ਸੁੰਦਰ ੨ ਪੁਸਤਕ ਰੂਪ ਮੋਤੀ ਏਸ ਲੜੀ ਵਿਚ ਪ੍ਰੋਤੇ ਜਾਨਗੇ! ਪ੍ਰਕਾਸ਼ਤ ਪੁਸਤਕਾਂ ਦੀ ਸੂਚੀ ਪਤ੍ਰ ਅੱਡ ਮੰਗਵਾ ਦੇਖੋ ਤੇ ਮੰਗਵਾ ਕੇ ਪੜ੍ਹੋ!

ਦਾਸ-ਮੋਹਨ ਸਿੰਘ ਵੈਦ ਮਿਉਨਸਿਪਲ ਕਮਿਸ਼ਨਰ
ਮਾਲਕ ਤੇ ਪ੍ਰਬੰਧਕ-"ਸ੍ਵਦੇਸ਼ ਭਾਸ਼ਾ ਪ੍ਰਚਾਰਕਲੜੀ"
ਤਰਨ ਤਾਰਨ (ਪੰਜਾਬ)

330 21387

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

## ਬੇਨਤੀ!

ਪਰਮਗਤੀ ਨੂੰ ਪਹੁੰਚੇ ਹੋਏ ਸਤ ਪੁਰਸ਼ ਬ੍ਰਹਮ ਗਯਾਨੀ, ਮਹਾਤਮਾਂ ਤਥਾ ਯੋਗੀ ਪੁਰਸ਼ਾਂ ਨੂੰ ਛੱਡ ਕੇ ਕੌਣ ਅਜੇਹਾ ਮਨੁਖ ਹੋਵੇਗਾ ਜਿਸ ਨੂੰ ਸੰਪਤੀਮਾਨ (ਧਨਵਾਨ) ਹੋਵਨ ਦੀ ਇਛਿਆ ਨਾਂ ਹੋਵੇ? ਜੇਹੜੇ ਸੰਪਤੀ ਨੂੰ ਕੁਝ ਨਹੀਂ ਸਮਝਦੇ "ਸੰਪਤਿ ਦੇਖ ਨ ਹਰਖੀਐ ਬਿਪਤਿਦੇਖ ਨਹਿ ਰੋਇ" ਜਿਨਾਂ ਦੇ ਵਿਚਾਰ ਹਨ! ਜਿਨਾਂ ਦੀ ਦ੍ਰਿਸ਼ਟੀ ਵਿਚ ਮਿੱਟੀ ਦਾ ਢੇਲਾ ਅਤੇ ਅਕਬਰੀ ਮੋਹਰ ਸਮਾਨ ਹੈ "ਜੈਸਾ ਸਵਰਨ ਤੈਸੀ ਉਸ ਮਾਟੀ" ਅਜੇਹੇ ਲੋਕ ਅੱਜਕਲ "ਹੈਨ ਵਿਰਲੇ ਨਾਹੀ ਘਣੇ ਫੈਲ ਫਕੜ ਸੰਸਾਰ" ਲਖਾਂ ਵਿਚ ਤਾਂ ਨਹੀਂ ਕਰੋੜਾਂ ਵਿਚ ਭਾਵੇਂ ਕਿਤੇ ਹੋਵਨ "ਕਹੁ ਨਾਨਕ ਕੋਟਿਨ ਮੈ ਕੋਊ" ਪਰ ਪ੍ਰਾਚੀਨ ਮਹਾਤਮਾਂ ਨੇ ਭੀ ਜੋ ਧਨ ਦੀ ਨਿੰਦਾ ਕੀਤੀ ਹੈ ਓਸਦਾ ਮਤਲਬ ਏਹ ਨਹੀਂ ਕਿ ਕੰਗਾਲ ਹੋਕੇ ਦੁਨੀਆਂ ਵਿਚ ਰਹਿਣਾ ਚੰਗਾ ਹੈ ਏਸਦਾ ਕੇਵਲ ਏਹ ਮਤਲਬ ਹੈ ਕਿ ਨਿਰਾ ਪੁਰਾ ਧਨ ਪ੍ਰਾਪਤੀ ਵਿਚ ਲੱਗ ਕੇ ਮਨੁਖਾ ਜਨਮ ਨੂੰ ਹੀ ਬਜਰਥ ਨਾਂ ਕਰ ਦਿੱਤਾ ਜਾਵੇ! ਸੰਸਾਰ ਵਿਚ ਰਹਕੇ ਸੰਪਦਾ ਆਸ਼ਰਾ ਹਰ ਇਕ ਵਾਸਤੇ

ਸਭ ਤਰਾਂ ਦੀਆਂ ਦਵਾਵਾਂ ਤੇ ਹੋਰ ਚੀਜ਼ਾਂ ਮੰਗਾਣ ਵਾਸਤੇ

ਜ਼ਰੂਰੀ ਹੈ ਬਿਨਾਂ ਥੋਹੜੀ ਬਹੁਤ ਸੰਪਤੀ ਦੇ ਸੰਸਾਰ ਵਿਚ ਰਹਿ ਕੇ ਸਮਾਂ ਬਤੀਤ ਕਰਨਾਂ ਮੂਲੋਂ ਹੀ ਅਸੰਭਵ ਹੈ! ਗੁਰੂ ਜੀ ਭੀ ਦੱਸਦੇ ਹਨ ਕਿ:–

"ਦਾਰਾ ਮੀਤ ਪੂਤ ਸਨਬੰਧੀ ਸਗਰੇ
ਧਨਸਿਉ ਲਾਗੇ। ਜਬ ਹੀ ਨਿਰਧਨ
ਦੇਖਿਓ ਨਰਕਉ ਸੰਗ ਛਾਡਿ ਸਭ ਭਾਗੇ" ॥

ਇਕ ਨੀਤੀਵਾਨ ਦੇ ਬਚਨ ਹਨ ਕਿ:–

"ਜੰਗਲ ਵਾਸਾ ਭਲਾ ਹੈ ਭਲਾ ਮੂਲ ਕੰਦ
ਖਾਨ। ਭੂਖੇ ਮਰਨਾ ਭਲਾ ਹੈ ਮ੍ਰਿਤ ਭਛਨ
ਭਲਮਾਨ ॥ ਪਸ਼ੂਬ੍ਰਿਤਿ ਭੀ ਨਹਿ ਬੁਰੀ ਬੁਰਾ
ਨ ਰਹਿ ਅਗਿਆਨ। ਨਿਰਧਨ ਭਲਾ ਨ
ਜੀਵਣਾ ਜਗ ਵਿਚ ਵਾਸਾ ਠਾਨ"।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤ ਕਬੀਰ ਜੀ ਦੇ ਸ਼ਬਦਾਂ ਵਿਚ ਸਫੁੱਟ ਕਰਕੇ ਭੀ ਦਸਿਆ ਹੈ ਕਿ:–

"ਨਿਰਧਨ ਆਦਰ ਕੋਈ ਨ ਦੇਇ।
ਲਾਖ ਜਤਨ ਕਰੈ ਓਹ ਚਿਤਿ ਨ ਧਰੇਇ ॥
॥ ੧ ॥ ਰਹਾਉ ॥ ਜਉ ਨਿਰਧਨੁ ਸਰਧਨ ਕੈ ਜਾਇ।
ਆਗੈ ਬੈਠਾ ਪੀਠਿ ਫਿਰਾਇ" ॥ ੧ ॥

ਅੱਜ ਭਾਰਤ ਵਰਸ਼ ਸੰਪਤਿ ਹੀਨ (ਨਿਰਧਨ) ਦੇਸ਼ ਹੈ। ਇਥੇ ਇਸ ਸਮੇਂ ਸੰਪਤੀ ਦਾ ਬਹੁਤ ਹੀ ਘਾਟਾ ਹੈ। ਜਿਧਰ ਦੇਖੋ ਓਧਰ ਹੀ ਦਰਿਦ੍ਰ ਦੇਵਤਾ ਦਾ ਪ੍ਰਕਾਸ਼ (ਕੰਗਾਲੀਨੂੰ)ਕਿਸੇ ਨਾ ਕਿਸੇ ਰੂਪ ਵਿਚ ਅਵਸ਼ਜ ਹੀ ਦੇਖਣਾ ਪਵੇਗਾ। ਪਰ ਇਸ ਭਯਾਨਕ ਤੇ ਅਮਿਟ ਦਰਿਦ੍ਰਤਾ (ਕੰਗਾਲੀ) ਨੂੰ ਦੇਖਕੇ ਭੀ ਕਿੰਨੇ ਦੇਸ਼ ਹਿਤਕਾਰੀ ਅਜੇਹੇ ਹਨ ਜਿਨਾਂ

ਪਤਾ–ਮੋਹਨ ਸਿੰਘ ਵੈਦ ਤਰਨਤਾਰਨ (ਪੰਜਾਬ)



ਨੂੰ ਇਸਦਾ ਕਾਰਨ ਜਾਨਣ ਦੀ ਇਛਿਆ ਹੋਵੇ? ਯਥਾ ਯੋਗ ਭੋਜਨ ਬਸਤ੍ਰ ਨਾਂ ਮਿਲਨ ਕਰਕੇ ਕ੍ਰੋੜਾਂ ਆਦਮੀ ਜੇਹੜੇ ਅਨੇਕ ਪ੍ਰਕਾਰ ਦੇ ਅਸਹਜ ਕਸ਼ਟ ਪਾ ਰਹੇ ਹਨ ਓਨਾਂ ਦਾ ਦੂਰ ਕਰਨਾ ਕੀਹ ਕਿਸੇ ਤਰਾਂ ਨਹੀਂ ਹੋ ਸੱਕਦਾ? ਗਲੀਆਂ ਕੂਚਿਆਂ ਵਿਚ ਸਭਨੀ ਥਾਂਈ ਧਨ ਦੇ ਅਭਾਵ (ਕੰਗਾਲੀ) ਦੇ ਕਾਰਨ ਜੋ ਪੱਥਰ ਪਿਘਲਾ ਦੇਵਨ ਵਾਲਾ ਦਰਦ ਭਰਿਆ ਵਿਰਲਾਪ (ਨਿਰਧਨ ਅਨਾਥਾਂ ਦਾ) ਸੁਣਾਈ ਪੈਂਦਾ ਹੈ, ਓਸਦੇ ਬੰਦ ਕਰਨ ਦਾ ਕੀਹ ਕੋਈ ਉਪਾਵ ਨਹੀਂ ਹੈ? ਹਰ ਪਿੰਡ ਅਤੇ ਹਰ ਸ਼ਹਰ ਵਿਚ ਜੋ ਹੱਡ ਚੰਮ ਹੀ ਬਾਕੀ ਰਹੇ ਹੋਏ ਪ੍ਰਾਣੀਆਂ ਦੇ ਜਥਿਆਂ ਦੇ ਜਥੇ ਅਰਥਾਤ ਅਨਾਥ ਯਤੀਮਾਂ ਦੇ ਝੁੰਡਾਂ ਦੇ ਝੁੰਡ ਆਉਂਦੇ ਜਾਂਦੇ ਦੇਖੇ ਜਾਂਦੇ ਹਨ ਕੀਹ ਓਨਾਂ ਦੀ ਦਸ਼ਾ ਨੂੰ ਉੱਨਤਿ ਕਰਨ ਦਾ ਕੋਈ ਸਾਧਨ ਨਹੀਂ ਹੋਸਕਦਾ? ਦੱਸੋ ਤਾਂ ਸਹੀ! ਕਿੰਨੇ ਆਦਮੀ ਅਜੇਹੇ ਹਨ ਜਿਨਾਂ ਦੇ ਮਨ ਵਿਚ ਏਸ ਤਰਾਂ ਦੇ ਪ੍ਰਸ਼ਨ (ਸਵਾਲ) ਭੀ ਉਤਪੰਨ ਹੁੰਦੇ ਹੋਵਨ? ਉਤ੍ਰ ਇਹੋ ਹੀ ਮਿਲੇਗਾ ਕਿ ਬਹੁਤ ਹੀ ਘੱਟ ਆਦਮੀਆਂ ਦੇ ਮਨ ਵਿਚ! ਜੇ ਕਰ ਕੁਛ ਦਯਾਵਾਨ ਲੋਕਾਂ ਨੂੰ ਇਹ ਗੱਲਾਂ ਖਟਕਦੀਆਂ ਭੀ ਹਨ ਤਦ ਉਨਾਂ ਵਿਚੋਂ ਬਹੁਤ ਘੱਟ ਏਹ ਜਾਣਦੇ ਹਨ ਕਿ ਏਸ ਦੁਖ-ਦਰਦ ਦਾ ਕਾਰਣ ਕੀਹ ਹੈ! ਬਿਨਾ **"ਸੰਪਤੀ ਸ਼ਾਸਤ੍ਰ"** ਦੇ ਗਿਆਨ ਦੇ ਏਸਦਾ ਯਥਾਰਥ (ਪੂਰਾ) ਕਾਰਨ ਜਾਨਣਾਂ ਬਹੁਤ ਹੀ ਕਠਨ ਹੈ। ਪਰ ਸਾਡੇ ਬੇਅੰਤ ਭਰਾ ਸਗੋਂ ਉਂਗਲੀਆਂ ਤੇ ਗਿਣਨ ਯੋਗ ਉਹ ਵਿਦਵਾਨਾਂ ਦੇ ਬਿਨਾਂ ਸਾਰੇ ਹੀ ਏਹ ਭੀ ਨਹੀਂ ਜਾਣਦੇ

ਸਭ ਤਰਾਂ ਦੀਆਂ ਦਵਾਵਾਂ ਤੇ ਹੋਰ ਚੀਜ਼ਾਂ ਮੰਗਾਨ ਵਾਸਤੇ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.